# ਜਾਣ ਪਛਾਣ

ਕਦੇ ਨਾ ਕਦੇ ਬਾਈਬਲ ਦੇ ਬਹੁਤੇ ਵਿਦਿਆਰਥੀ ਇਸ ਸਵਾਲ ਤੇ ਗੌਰ ਕਰਦੇ ਹੀ ਹਨ ਕਿ ''ਕੀ ਬਾਈਬਲ ਖ਼ੁਦਾ ਦਾ ਸਹੀ ਅਤੇ ਬੇਨੁਕਸ ਵਚਨ ਹੈ?'' ਅਜਿਹੇ ਹੀ ਕਈ ਹੋਰ ਸਵਾਲਾਂ ਨੂੰ ਵੀ ਇਸੇ ਤਰ੍ਹਾਂ ਸੰਖੇਪ ਕੀਤਾ ਜਾ ਸਕਦਾ ਹੈਃ ''ਭਲਾ ਅਸੀਂ ਯਿਸੂ ਅਤੇ ਕਲੀਸੀਆ ਬਾਰੇ ਖ਼ਾਸ ਅਤੇ ਸਹੀ ਜਾਣਕਾਰੀ ਦੇਣ, ਮਸੀਹ ਦੀ ਸਿੱਖਿਆ ਦੀ ਨਵੇਕਲੀ ਰਹਿਨੁਮਾਈ ਅਤੇ ਨੀਤੀਆਂ ਅਤੇ ਨੈਤਿਕਤਾ ਦੇ ਲੋੜੀਂਦੇ ਮਾਪਦੰਡ ਲਈ ਬਾਈਬਲ 'ਤੇ ਭਰੋਸਾ ਕਰ ਸਕਦੇ ਹਾਂ?''

ਬਾਈਬਲ ਖ਼ੁਦਾ ਵੱਲੋਂ ਦਿੱਤੀ ਗਈ। ਸਦੀਆਂ ਤੋਂ ਇਹ ਪੀੜ੍ਹੀ ਦਰ ਪੀੜ੍ਹੀ ਅੱਗੇ ਸੌਂਪੀ ਜਾਂਦੀ ਰਹੀ ਹੈ ਅਤੇ ਇਹਨੂੰ ਬੜੇ ਹੀ ਭਰੋਸੇ ਨਾਲ ਸੰਭਾਲ ਕੇ ਰੱਖਿਆ ਗਿਆ ਹੈ। ਇਸ ਕਰਕੇ ਜਦ ਵੀ ਇਹਦਾ ਸਹੀ ਅਨੁਵਾਦ ਅਤੇ ਵਿਆਖਿਆ ਸਹੀ ਢੰਗ ਨਾਲ ਹੁੰਦੀ ਹੈ, ਤਾਂ ਇਹਦਾ ਸੰਦੇਸ਼ ਖ਼ੁਦਾ ਦਾ ਲੋੜੀਂਦਾ ਨੈਤਿਕ ਮਾਪਦੰਡ ਹੁੰਦਾ ਹੈ। ਇਹਦੇ ਇਲਾਵਾ ਨਵਾਂ ਨੇਮ ਮਸੀਹ ਦੀ ਨਿਰਾਲੀ ਸਿੱਖਿਆ ਹੈ। ਇਨ੍ਹਾਂ ਪਾਠਾਂ 'ਚ ਅਸੀਂ ਬਾਈਬਲ ਦੇ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਜਾਣ ਅਤੇ ਇਹਦੇ ਅਖ਼ਤਿਆਰ 'ਤੇ ਚਰਚਾ ਕਰਾਂਗੇ।

## ''ਪ੍ਰੇਰਣਾ'' ਦੀ ਵਿਆਪਕ ਪਰਿਭਾਸ਼ਾ

ਬਾਈਬਲ ਕੁਝ ਚੁਣਿੰਦਾ ਲੋਕਾਂ ਵਿਚ ਪਵਿੱਤਰ ਆਤਮਾ ਦੇ ਰਾਹੀਂ ਉਨ੍ਹਾਂ ਉੱਤੇ ਖ਼ੁਦਾ ਦੇ ਵਿਚਾਰ ਜ਼ਾਹਰ ਕਰਨ ਅਤੇ ਉਨ੍ਹਾਂ ਨੂੰ ਬਗੈਰ ਕਿਸੇ ਗਲਤੀ ਦੇ ਇਲਾਹੀ ਸੱਚਾਈ ਦੇ ਮੇਲ ਖਾਂਦੇ ਸ਼ਬਦਾਂ ਦੀ ਵਰਤੋਂ ਕਰਨ ਲਈ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਸੀ। ਪੰਜਾਬੀ ਬਾਈਬਲ ਵਿਚ ਪ੍ਰੇਰਣਾ ਲਈ ''ਆਤਮਾ ਤੋਂ'' ਲਾਤੀਨੀ ਸ਼ਬਦਾਂ (*in* ਅਤੇ *spiro*) ਜਿਹਦਾ ਅਰਥ ''ਸਾਹ 'ਚ'' ਹੈ ਅਤੇ ''ਖ਼ੁਦਾ ਦੇ ਆਤਮਾ ਤੋਂ'' ਜਾਂ ''ਖ਼ੁਦਾ ਦੇ ਸਾਹ ਤੋਂ'' ਦੇ ਅਰਥ ਵਾਲੇ ਯੂਨਾਨੀ ਸ਼ਬਦ (*theopneustos*) ਤੋਂ ਲਿਆ ਗਿਆ ਹੈ। ਖ਼ੁਦਾ ਨੇ ਬਾਈਬਲ ਦੇ ਲੇਖਕਾਂ ਵਿਚ ਆਪਣਾ ਆਤਮਾ ਪਾਇਆ ਅਤੇ ਉਹਦੇ ਰਾਹੀਂ ਬਾਈਬਲ ਲਿਖਣ ਵਿਚ ਉਨ੍ਹਾਂ ਦੀ ਰਹਿਨੁਮਾਈ ਕੀਤੀ। ਇਸ ਕਰਕੇ ''ਆਤਮਾ ਤੋਂ'' ਤੋਂ ਭਾਵ ਉਹ ਪ੍ਰਕ੍ਰਿਆ ਹੋ ਸਕਦਾ ਹੈ ਜਿਸ ਰਾਹੀਂ ਖ਼ੁਦਾ ਨੇ ਮਨੁੱਖਾਂ ਵਿਚ ਆਪਣਾ ਆਤਮਾ ਪਾ ਕੇ, ਉਨ੍ਹਾਂ 'ਚ ਬਿਨਾਂ ਕਿਸੇ ਗ਼ਲਤੀ ਦੇ ਇਲਾਹੀ ਸੱਚਾਈ ਪਾਉਣ ਅਤੇ ਅੱਗੇ ਦੇਣ ਦੇ ਯੋਗ ਬਣਾਇਆ। ਬਾਈਬਲ ਖ਼ੁਦਾ ਦਾ ਵਚਨ ਹੈ!

ਬਾਈਬਲ ਦੇ ਲੇਖਕਾਂ ਨੇ ਉਹ ਵੀ ਲਿਖਿਆ ਜੋ ਉਨ੍ਹਾਂ ਨੂੰ ਪਤਾ ਸੀ ਅਤੇ ਉਹ ਵੀ ਜੋ ਖ਼ੁਦਾ ਦੇ ਆਤਮਾ ਦੇ ਬਗੈਰ ਉਨ੍ਹਾਂ ਨੂੰ ਪਤਾ ਨਹੀਂ ਲੱਗ ਸਕਦਾ ਸੀ। ਜਿਹੜੀਆਂ ਗੱਲਾਂ ਉਨ੍ਹਾਂ ਨੂੰ ਪਤਾ ਸਨ ਉਨ੍ਹਾਂ ਨੂੰ ਲਿਖਣ ਲਈ ਉਨ੍ਹਾਂ ਨੇ ਨਿੱਜੀ ਨਿਰੀਖਣ, ਮੌਜੂਦ ਦਸਤਾਵੇਜ਼, ਜਾਂ ਜ਼ਬਾਨੀ ਰਵਾਇਤ ਦੀ ਮਦਦ ਲਈ। ਇਨ੍ਹਾਂ ਲੋਕਾਂ ਵੱਲੋਂ ਲਿਖੀਆਂ ਗਈਆਂ ਬਹੁਤੀਆਂ ਗੱਲਾਂ ਖ਼ੁਦਾ

ਵੱਲੋਂ ਮਿਲੇ ਮੁਕਾਸ਼ਫ਼ੇ ਨਾਲ ਪਹਿਲੀ ਵਾਰ ਇਨ੍ਹਾਂ ਦੀ ਜਾਣਕਾਰੀ 'ਚ ਆਈਆਂ। ਉਹ ਗਿਆਤ ਤੱਥ ਲਿਖ ਰਹੇ ਹੋਣ ਜਾਂ ਮੁਕਾਸਫ਼ਾ, ਆਤਮਾ ਨੇ ਬਿਨਾਂ ਕਿਸੇ ਗਲਤੀ ਦੇ ਸਿਰਫ਼ ਸੱਚਾਈ ਦੱਸਣ ਵਿਚ ਉਨ੍ਹਾਂ ਦੀ ਅਗਵਾਈ ਕੀਤੀ।

## ਖ਼ੁਦਾ ਦੇ ਆਤਮਾ ਤੋਂ ਹੋਣ ਦੇ ਬਾਈਬਲ ਦੇ ਦਾਅਵੇ

ਬਾਈਬਲ ਖ਼ੁਦਾ ਦੇ ਆਤਮਾ ਤੋਂ ਹੋਣ ਦਾ ਦਾਅਵਾ ਕਰਦੀ ਹੈ। ਇਹ ਕਹਿਣਾ ਫ਼ਜ਼ੂਲ ਹੈ ਕਿ ''ਮੈਂ ਬਾਈਬਲ ਨੂੰ ਇਸ ਲਈ ਮੰਨਦਾ ਹਾਂ ਕਿਉਂਕਿ ਇਹ ਖ਼ੁਦਾ ਦੇ ਆਤਮਾ ਤੋਂ ਹੈ, ਅਤੇ ਮੈਂ ਬਾਈਬਲ ਨੂੰ ਖ਼ੁਦਾ ਦੇ ਆਤਮਾ ਤੋਂ ਇਸ ਕਰਕੇ ਮੰਨਦਾ ਹਾਂ ਕਿਉਂਕਿ ਇਹ ਇਵੇਂ ਕਹਿੰਦੀ ਹੈ।'' ਇਹ ਤਰਕ ਬਾਈਬਲ ਦੇ ਖ਼ੁਦਾ ਦੀ ਪ੍ਰੇਰਨਾ ਜਾਂ ਆਤਮਾ ਤੋਂ ਹੋਣ ਦਾ ਨਾਕਾਫ਼ੀ ਸਬੂਤ ਹੈ। ਪਰ ਆਤਮਾ ਤੋਂ ਹੋਣ ਦੇ ਬਾਈਬਲ ਦੇ ਦਾਅਵੇ ਬਾਈਬਲ ਦੇ ਖ਼ੁਦਾ ਵੱਲੋਂ ਹੋਣ ਦੀ ਹਮਾਇਤ ਕਰਨ ਵਾਲੇ ਆਂਕੜੇ ਦਾ ਅਹਿਮ ਹਿੱਸਾ ਹੈ।

### ਪੁਰਾਣੇ ਨੇਮ ਲਈ ਦਾਅਵੇ

ਪੁਰਾਣਾ ਨੇਮ ਖ਼ੁਦਾ ਦਾ ਵਚਨ ਹੋਣ ਦੇ 3,800 ਤੋਂ ਵੱਧ ਦਾਅਵੇ ਕਰਦਾ ਹੈ। ਪੁਰਾਣੇ ਨੇਮ ਦੇ ਆਮ ਕਿਤਾਬ ਦੇ ਹਰ ਸਫ਼ੇ 'ਤੇ $2^{1/2}$ ਤੋਂ 3 ਵਾਰ ਇਹ ਦਾਅਵਾ ਕੀਤਾ ਗਿਆ ਹੈ। ਤੁਰੇਤ 'ਚ ''ਯਹੋਵਾਹ ਨੇ ਮੂਸਾ ਨੂੰ ਆਖਿਆ'' ਕਹਿੰਦਿਆਂ ਜਾਂ ਇਹ ਸੰਕੇਤ ਦਿੰਦਿਆਂ ਕਿ ਮੂਸਾ ਖ਼ੁਦਾ ਦੀਆਂ ਗੱਲਾਂ ਹੀ ਦੁਹਰਾ ਰਿਹਾ ਸੀ (ਕੂਚ 17:14; 19:6, 7; 20:1; 24:4, 7; 35:29) 420 ਵਾਰ ਇਹੀ ਦਾਅਵਾ ਕੀਤਾ ਗਿਆ ਹੈ। ਜ਼ਬੂਰ 119 ਵਿਚ ਲੇਖਕ ਨੇ 24 ਵਾਰ ਬਾਈਬਲ ਨੂੰ ''ਯਹੋਵਾਹ ਦਾ ਵਚਨ'' ਕਿਹਾ। ਇਸੇ ਲੇਖਕ ਨੇ ਲਿਖਤ ਦੇ ਇਸ ਦਾਅਵੇ ਦੇ ਵੱਖੋ-ਵੱਖ 175 ਇਜ਼ਹਾਰਾਂ ਦੀ ਵਰਤੋਂ ਕੀਤੀ ਹੈ। ਨਬੀਆਂ ਦਾ ਦਾਅਵਾ ਸੀ ਕਿ ਉਨ੍ਹਾਂ ਨੇ ਉਹੀ ਲਿਖਿਆ ਅਤੇ ਕਿਹਾ ਜੋ ਖ਼ੁਦਾ ਨੇ ਉਨ੍ਹਾਂ ਨੂੰ ਆਖਿਆ ਸੀ। ਇਹ ਦਾਅਵਾ ਯਸਾਯਾਹ ਨੇ 120 ਵਾਰ, ਯਿਰਮਿਯਾਹ ਨੇ 430 ਵਾਰ, ਹਿਜ਼ਕੀਏਲ ਨੇ 329 ਵਾਰ, ਆਮੋਸ ਨੇ 53 ਵਾਰ, ਹੱਜਈ ਨੇ 27 ਵਾਰ ਅਤੇ ਜ਼ਕਰਯਾਹ ਨੇ 53 ਵਾਰ ਕੀਤਾ ਹੈ।

ਯਿਸੂ ਨੇ ਇਹ ਐਲਾਨ ਕੀਤਾ ਕਿ ਪੁਰਾਣੇ ਨੇਮ ਵਿਚ ਖ਼ੁਦਾ ਗੱਲ ਕਰ ਰਿਹਾ ਸੀ। ਉਹਨੇ ਫ਼ਰੀਸੀਆਂ ਨੂੰ ਕਿਹਾ, ''ਕਿਉਂ ਜੋ ਪ੍ਰਮੇਸ਼ਵਰ ਨੇ ਫ਼ਰਮਾਇਆ ਕਿ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ ਅਤੇ ਜਿਹੜਾ ਪਿਤਾ ਯਾ ਮਾਤਾ ਨੂੰ ਮੰਦਾ ਬੋਲੇ ਉਹ ਜਾਨੋਂ ਮਾਰਿਆ ਜਾਵੇ'' (ਮੱਤੀ 15:4)। ਇਸ ਮਿਲੇ-ਜੁਲੇ ਹਵਾਲੇ 'ਚ (ਵੇਖੋ ਕੂਚ 20:12; 21:17; ਵਿਵਸਥਾਸਾਰ 5:16; ਲੇਵੀਆਂ ਦੀ ਪੋਥੀ 20:9), ਯਿਸੂ ਨੇ ਲਿਖੀਆਂ ਹੋਈਆਂ ਗੱਲਾਂ ਨੂੰ ਖ਼ੁਦਾ ਦਾ ਵਚਨ ਐਲਾਨਿਆ। ਉਤਪਤ 2:24 ਵਿੱਚੋਂ ਦੁਹਰਾਉਂਦਿਆਂ ਉਹਨੇ ਕਿਹਾ, ''ਕੀ ਤੁਸਾਂ ਇਹ ਨਹੀਂ ਪੜ੍ਹਿਆ ਭਈ ਜਿਸ ਨੇ ਉਨ੍ਹਾਂ ਨੂੰ ਬਣਾਇਆ ਉਹਨੇ ਮੁੱਢੋਂ ਉਨ੍ਹਾਂ ਨੂੰ ਨਰ ਅਤੇ ਨਾਰੀ ਬਣਾਇਆ? ਅਤੇ ਕਿਹਾ ਜੋ ਇਸ ਲਈ ਮਰਦ ਆਪਣੇ ਮਾਪੇ ਛੱਡ ਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਉਹ ਦੋਵੇਂ ਇਕ ਸਰੀਰ ਹੋਣਗੇ'' (ਮੱਤੀ 19:4, 5)।

ਮੁੱਢਲੇ ਚੇਲੇ ਇਹ ਭਰੋਸਾ ਵਿਖਾਉਂਦੇ ਸਨ ਕਿ ਜ਼ਬੂਰ 2:1 ਦਾਊਦ ਨੇ ਲਿਖਿਆ ਹੈ ਅਤੇ ਇਹਨੂੰ ਖ਼ੁਦਾ ਵਾਸਤੇ ਮੰਨਦੇ ਸਨ ਜੋ ਪਵਿੱਤਰ ਆਤਮਾ ਵੱਲੋਂ ਬੋਲ ਰਿਹਾ ਸੀ। ਉਹ ਦੁਆ ਕਰਦੇ ਸਨ ਕਿ ''ਹੇ ਮਾਲਕ ਤੂੰਏ ਅਕਾਸ਼ ਅਤੇ ਧਰਤੀ ਅਤੇ ਸਮੁੰਦਰ ਅਤੇ ਸੱਭੋ ਕੁਝ ਜੋ ਉਨ੍ਹਾਂ ਦੇ ਵਿਚ

ਹੈ ਰਚਿਆ। *ਤੂੰ ਪਵਿੱਤਰ ਆਤਮਾ ਦੇ ਰਾਹੀਂ ਸਾਡੇ ਵਢੇਰੇ ਆਪਣੇ ਬੰਦੇ ਦਾਊਦ ਦੀ ਜ਼ਬਾਨੀ ਆਖਿਆ,* ਕੌਮਾਂ ਕਾਹਨੂੰ ਡੰਡ ਪਾਈ ਹੈ, ਅਤੇ ਉੱਮਤਾਂ ਨੇ ਵਿਅਰਥ ਸੋਚਾਂ ਕਿਉਂ ਕੀਤੀਆਂ ਹਨ?'' (ਰਸੂਲਾਂ ਦੇ ਕੰਮ 4:24, 25)। ਰਸੂਲਾਂ ਦੇ ਕੰਮ 13:33-35 ਵਿਚ ਪੌਲੁਸ ਨੇ ਯਸਾਯਾਹ 55:3 ਅਤੇ ਜ਼ਬੂਰ 16:10 ਵਿਚਲੇ ਵਾਕ ਨੂੰ ਖ਼ੁਦਾ ਦੀ ਗੱਲ ਕਿਹਾ।

ਪੌਲੁਸ ਨੇ ਪੁਰਾਣੇ ਨੇਮ ਲਈ ''ਲਿਖਤ'' ਸ਼ਬਦ ਦੀ ਵਰਤੋਂ ਕੀਤੀ ਅਤੇ ਕਿਹਾ ਕਿ ਇਹ ਖ਼ੁਦਾ ਦੇ ਆਤਮਾ ਤੋਂ ਦਿੱਤੀ ਗਈ ਸੀ (2 ਤਿਮੋਥਿਉਸ 3:16, 17)। ਪਤਰਸ ਨੇ ਐਲਾਨ ਕੀਤਾ, ''ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ। ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਸਾਉਣ ਨਾਲ ਪ੍ਰਮੇਸ਼ਵਰ ਦੀ ਵੱਲੋਂ ਬੋਲਦੇ ਸਨ'' (2 ਪਤਰਸ 1:20, 21)।

### ਨਵੇਂ ਨੇਮ ਲਈ ਦਾਅਵੇ

ਮਸੀਹ ਅਤੇ ਰਸੂਲਾਂ ਦੀਆਂ ਸਿੱਖਿਆਵਾਂ ਨੂੰ ''ਖ਼ੁਦਾ ਦਾ ਵਚਨ'' ਜਾਂ ਸਵਰਗ ਤੋਂ ਮਿਲੀ ਰਹਿਨੁਮਾਈ ਕਿਹਾ ਜਾਂਦਾ ਹੈ। ਯਿਸੂ ਦੇ ਪ੍ਰਚਾਰ ਕਰਨ ਦੌਰਾਨ, ਬਾਈਬਲ ਦੱਸਦੀ ਹੈ ਕਿ ''... ਲੋਕ ਉਹਦੇ ਉੱਤੇ ਡਿੱਗਦੇ ਅਤੇ ਪ੍ਰਮੇਸ਼ਵਰ ਦਾ ਵਚਨ ਸੁਣਦੇ ਸਨ ...'' (ਲੂਕਾ 5:1)। ਯਿਸੂ ਨੂੰ ਵੀ ਹਮੇਸ਼ਾ ਰਹਿਣ ਵਾਲੀ ਅਬਦੀ ਸੱਚਾਈ ਐਲਾਨਿਆ ਗਿਆ ਹੈ (ਯੂਹੰਨਾ 14:6)। ਉਹਨੇ ਕਿਹਾ ਸੀ, ''... ਜਿਵੇਂ ਪਿਤਾ ਨੇ ਮੈਨੂੰ ਸਿਖਾਲਿਆ ਹੈ ਉਵੇਂ ਹੀ ਮੈਂ ਇਹ ਗੱਲਾਂ ਆਖਦਾ ਹਾਂ'' (ਯੂਹੰਨਾ 8:28)। ਵਿਦਾਈ ਦੀ ਆਪਣੀ ਦੁਆ ਵਿਚ ਯਿਸੂ ਨੇ ਕਿਹਾ ਸੀ, ''ਕਿਉਂਕਿ ਜਿਹੜੀਆਂ ਗੱਲਾਂ ਤੈਂ ਮੈਨੂੰ ਦਿੱਤੀਆਂ ਉਹ ਮੈਂ ਉਨ੍ਹਾਂ ਨੂੰ ਦਿੱਤੀਆਂ ਹਨ ਅਤੇ ਉਨ੍ਹਾਂ ਨੇ ਮੰਨ ਲਈਆਂ ... ਮੈਂ ਤੇਰਾ ਵਚਨ ਉਨ੍ਹਾਂ ਨੂੰ ਦਿੱਤਾ ਹੈ'' (ਯੂਹੰਨਾ 17:8-14)।

ਆਪਣੀ ਕਲੀਸੀਆ ਬਣਾਉਣ ਦਾ ਵਾਅਦਾ ਕਰਨ ਵੇਲੇ ਯਿਸੂ ਨੇ ਰਸੂਲਾਂ ਨੂੰ ''ਸਵਰਗ ਦੇ ਰਾਜ ਦੀਆਂ ਕੁੰਜੀਆਂ'' ਦੇਣ ਦਾ ਵਾਅਦਾ ਕੀਤਾ ਸੀ। ਉਹਨੇ ਇਨ੍ਹਾਂ ਕੁੰਜੀਆਂ ਦੀ ਵਿਆਖਿਆ ਕਲੀਸੀਆ ਦੇ ਪ੍ਰਬੰਧ ਦੇ ਰੂਪ ਵਿਚ ਕੀਤੀ ਜਿਨ੍ਹਾਂ ਨਾਲ ਉਨ੍ਹਾਂ ਨੂੰ ਬੰਨ੍ਹਣ ਅਤੇ ਖੋਲ੍ਹਣ ਦਾ ਅਖ਼ਤਿਆਰ ਮਿਲਣਾ ਸੀ (ਮੱਤੀ 16:18, 19)। ਉਹਨੇ ਉਨ੍ਹਾਂ ਨੂੰ ਇਸ ਖ਼ੁਦਾਈ ਪੈਗਾਮ ਨੂੰ ਦੱਸਣ ਲਈ ਪਵਿੱਤਰ ਆਤਮਾ ਦੇਣ ਦਾ ਵਾਅਦਾ ਕੀਤਾ ਸੀ (ਯੂਹੰਨਾ 14:26)। ਇਸ ਵਾਅਦੇ ਵਿਚ ਉਹਨੇ ''ਉਹ ਮੇਰੇ ਹੱਕ ਵਿਚ ਸਾਖੀ ਦੇਵੇਗਾ। ਅਤੇ ਤੁਸੀਂ ਵੀ ਗਵਾਹ ਹੋ ਕਿਉਂਕਿ ਤੁਸੀਂ ਮੁੱਢੋਂ ਮੇਰੇ ਨਾਲ ਰਹੇ ਹੋ'' ਕਹਿਣ ਦੇ ਨਾਲ ''ਸੱਚਿਆਈ ਦਾ ਆਤਮਾ'' ਸ਼ਬਦ ਵੀ ਜੋੜੇ (ਯੂਹੰਨਾ 15:26, 27)। ਬਾਅਦ 'ਚ ਉਹਨੇ ਵਾਅਦਾ ਕੀਤਾ, ''ਪਰ ਜਦ ਉਹ ਅਰਥਾਤ ਸੱਚਾਈ ਦਾ ਆਤਮਾ ਆਵੇ ਤਦ ਉਹ ਸਾਰੀ ਸੱਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ। ਉਹ ਮੇਰੀ ਵਡਿਆਈ ਕਰੇਗਾ ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ'' (ਯੂਹੰਨਾ 16:13, 14)। ਇਨ੍ਹਾਂ ਵਾਅਦਿਆਂ 'ਚ ਪੰਜ ਗੱਲਾਂ ਸਨ: ਉਨ੍ਹਾਂ ਨੂੰ ਸਭ ਗੱਲਾਂ ਸਿਖਾਉਣਾ, ਉਹ ਸਭ ਯਾਦ ਦੁਆਉਣਾ ਜੋ ਯਿਸੂ ਨੇ ਨਾਲ ਰਹਿੰਦਿਆਂ ਉਨ੍ਹਾਂ ਨੂੰ ਦੱਸਿਆ ਸੀ, ਯਿਸੂ ਦੀ ਗਵਾਹੀ ਦੇਣਾ, ਸਾਰੀ ਸੱਚਿਆਈ 'ਚ ਉਨ੍ਹਾਂ ਦੀ ਅਗਵਾਈ ਕਰਨਾ ਅਤੇ ਉਨ੍ਹਾਂ ਉੱਤੇ ਹੋਣ ਵਾਲੀਆਂ ਗੱਲਾਂ ਜ਼ਾਹਰ ਕਰਨਾ। ਰੇਨ ਪੈਚ ਨੇ ਧਿਆਨ

ਦੁਆਇਆ ਹੈ ਕਿ ਇਸ ਵਿਚ ਨਵੇਂ ਨੇਮ ਦੇ ਹਰ ਭਾਗ ਦੇ ਖ਼ੁਦਾ ਦੇ ਆਤਮਾ ਤੋਂ ਹੋਣ ਦੀ ਗੱਲ ਭਾਵ ਇੰਜੀਲ ਦੀਆਂ ਕਿਤਾਬਾਂ ਵਿਚ ''ਪਵਿੱਤਰ ਆਤਮਾ ... ਤੁਹਾਨੂੰ ... ਜੋ ਕੁਝ ਮੈਂ ਕਿਹਾ ਹੈ ਉਹ ਸਭ ਯਾਦ ਕਰਾਏਗਾ''; ਰਸੂਲਾਂ ਦੇ ਕੰਮ ਕਿਤਾਬ ਵਿਚ ''ਉਹ ਮੇਰੀ ਗਵਾਹੀ ਦੇਵੇਗਾ ਅਤੇ ਤੁਸੀਂ ਵੀ ਗਵਾਹ ਹੋ''; ਪੱਤਰੀਆਂ ਵਿਚ ''ਸੱਚਾਈ ਦਾ ਆਤਮਾ ... ਮੇਰੀ ਵਡਿਆਈ ਕਰੇਗਾ, ...''; ਪ੍ਰਕਾਸ਼ ਦੀ ਪੋਥੀ ਵਿਚ ''ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ'' ਹੈ।[1]

ਯਿਸੂ ਦੇ ਇਸ ਵਾਅਦੇ ਦੇ ਥੋੜ੍ਹੀ ਦੇਰ ਬਾਅਦ ਹੀ ਲੂਕਾ ਨੇ ਇਹਦੇ ਪੂਰਾ ਹੋਣ ਬਾਰੇ ਲਿਖਿਆ। ਉਸ ਨੇ ਰਸੂਲਾਂ ਬਾਰੇ ਐਲਾਨ ਕੀਤਾ, ''ਜਾਂ ਪੈਂਟੀਕਾਸਟ ਦਾ ਦਿਨ ਆਇਆ ... ਤਦ ਓਹ ਸੱਭੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ'' (ਰਸੂਲਾਂ ਦੇ ਕੰਮ 2:1-4)। ਇਸ ਤਰ੍ਹਾਂ ਖ਼ੁਦਾ ਦੇ ਵਾਅਦੇ ਪੂਰੇ ਹੋ ਗਏ ਸਨ। ਉਹਦੇ ਕਰਕੇ ਬੋਲੇ ਅਤੇ ਲਿਖੇ ਗਏ ਸੰਦੇਸ਼ ਨੂੰ ਖ਼ੁਦਾ ਦੇ ਵਚਨ ਦੇ ਰੂਪ ਵਿਚ ਮੰਨਿਆ ਜਾਦਾ ਹੈ। ਰਸੂਲਾਂ ਦੇ ਕੰਮ 8:14; 11:1; 12:24; 13:7, 44; 15:35 ਵਿਚ ਇਹਦੀ ਤਸਦੀਕ ਕੀਤੀ ਗਈ ਹੈ।

ਪੌਲੁਸ ਨੇ ਖ਼ੁਦਾ ਦੇ ਆਤਮਾ ਦੇ ਮਨ-ਮੌਜੀ ਨਾ ਹੋਣ ਦਾ ਦਾਅਵਾ ਕੀਤਾ ਸੀ। ਇਹ ਮੰਨਦਿਆਂ ਕਿ ਖ਼ੁਦਾ ਦੀ ਸੱਚਾਈ ਨੂੰ ਵਿਗਿਆਨਕ ਢੰਗ ਜਾਂ ਫ਼ਿਲਾਸਫ਼ੀ ਰਾਹੀਂ ਨਹੀਂ ਸਿੱਖਿਆ ਜਾ ਸਕਦਾ, ਉਹਨੇ ਕਿਹਾ:

> ਪਰੰਤੂ ਲਿਖਿਆ ਹੋਇਆ ਹੈ, ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀਂ ਸੁਣੀਆਂ, ਨਾ ਇਨਸਾਨ ਦੇ ਮਨ ਵਿਚ ਆਈਆਂ, ਜਿਹੜੀਆਂ ਵਸਤਾਂ ਪ੍ਰਮੇਸ਼ਵਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ। ਉਨ੍ਹਾਂ ਨੂੰ ਪ੍ਰਮੇਸ਼ਵਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪ੍ਰਮੇਸ਼ਵਰ ਦੀਆਂ ਡੂੰਘੀਆਂ ਵਸਤਾਂ ਦੀ ਜਾਂਚ ਕਰ ਲੈਂਦਾ ਹੈ। ਮਨੁੱਖ ਦੇ ਆਤਮਾ ਤੋਂ ਬਿਨਾ ਜੋ ਉਹਦੇ ਅੰਦਰ ਹੈ ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ? ਇਸੇ ਪ੍ਰਕਾਰ ਪ੍ਰਮੇਸ਼ਵਰ ਦੇ ਆਤਮਾ ਤੋਂ ਬਿਨਾ ਪ੍ਰਮੇਸ਼ਵਰ ਦੀਆਂ ਗੱਲਾਂ ਕੋਈ ਨਹੀਂ ਜਾਣਦਾ ਹੈ। ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪ੍ਰਮੇਸ਼ਵਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪ੍ਰਮੇਸ਼ਵਰ ਨੇ ਸਾਨੂੰ ਬਖ਼ਸ਼ੇ ਹਨ। ਅਸੀਂ ਇਨ੍ਹਾਂ ਗੱਲਾਂ ਨੂੰ ਮਾਣਸ ਗਿਆਨ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਨਹੀਂ ਸਗੋਂ ਆਤਮਾ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਅਰਥਾਤ ਆਤਮਿਕ ਗੱਲਾਂ ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ (1 ਕੁਰਿੰਥੀਆਂ 2:9-13)।

ਪੌਲੁਸ ਨੇ ਅੱਗੇ ਕਿਹਾ, ''ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ...'' (1 ਕੁਰਿੰਥੀਆਂ 11:23)। ਬਾਅਦ 'ਚ ਪੌਲੁਸ ਨੇ ਥੱਸਲੁਨੀਕੇ ਦੇ ਮਸੀਹੀ ਲੋਕਾਂ ਨੂੰ ਕਿਹਾ ਕਿ ਮੈਂ ''ਦੁੱਖ ਅਤੇ ਅਪਜੱਸ ਝੱਲਿਆ ਤਾਂ ਵੀ ਪ੍ਰਮੇਸ਼ਵਰ ਦੀ ਖੁਸ਼ਖਬਰੀ ਬਹੁਤ ਝਗੜੇ ਰਗੜੇ ਵਿਚ ਤੁਹਾਨੂੰ ਸੁਣਾਉਣ ਲਈ ਆਪਣੇ ਪ੍ਰਮੇਸ਼ਵਰ ਦੇ ਆਸਰੇ ਦਿਲੇਰ ਹੋਏ'' (1 ਥੱਸਲੁਨੀਕੀਆਂ 2:2)। ਉਹਨੇ ਇਹ ਵੀ ਕਿਹਾ, ''... ਅਸੀਂ ਵੀ ਨਿੱਤ ਪ੍ਰਮੇਸ਼ਵਰ ਦਾ ਧੰਨਵਾਦ ਕਰਦੇ ਹਾਂ ਭਈ ਜਦ ਤੁਹਾਨੂੰ ਪ੍ਰਮੇਸ਼ਵਰ ਦਾ ਸੁਣਿਆ ਹੋਇਆ ਵਚਨ ਸਾਥੋਂ ਮਿਲਿਆ ਤਾਂ ਉਹਨੂੰ ਮਨੁੱਖਾਂ ਦਾ ਵਚਨ ਕਰਕੇ ਨਹੀਂ ਸਗੋਂ ਜਿਵੇਂ ਉਹ ਸੱਚੀਂ

ਮੁੱਚੀਂ ਹੈ ਪ੍ਰਮੇਸ਼ਵਰ ਦਾ ਵਚਨ ਕਰਕੇ ਕਬੂਲ ਕੀਤਾ ਅਤੇ ਉਹ ਤੁਹਾਡੇ ਨਿਹਚਾਵਾਨਾਂ ਵਿਚ ਕੰਮ ਵੀ ਕਰਦਾ ਹੈ'' (1 ਥੱਸਲੁਨੀਕੀਆਂ 2:13); ''ਅਸੀਂ ਪ੍ਰਭੂ ਦੇ ਵਚਨ ਦੇ ਅਨੁਸਾਰ ਤੁਹਾਨੂੰ ਇਹ ਆਖਦੇ ਹਾਂ ...'' (1 ਥੱਸਲੁਨੀਕੀਆਂ 4:15)।

ਇਬਰਾਨੀਆਂ ਦੀ ਪੱਤਰੀ ਵਿਚ ਪੂਰੇ ਨਵੇਂ ਨੇਮ ਨੂੰ ਖ਼ੁਦਾ ਦਾ ਵਚਨ ਐਲਾਨਿਆ ਗਿਆ ਹੈ, ''ਪ੍ਰਮੇਸ਼ਵਰ ਨੇ ਜਿਨ ਪਿਛਲਿਆਂ ਸਮਿਆਂ ਵਿਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈ ਹਿੱਸਿਆ ਵਿਚ ਅਤੇ ਕਈ ਤਰ੍ਹਾਂ ਨਾਲ ਗੱਲ ਕੀਤੀ ਸੀ। ਇਨ੍ਹਾਂ ਦਿਨਾਂ ਦੇ ਅੰਤ ਵਿਚ ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕੀਤੀ ...'' (ਇਬਰਾਨੀਆਂ 1:1, 2)।

## ''ਖ਼ੁਦਾ ਦੇ ਆਤਮਾ ਤੋਂ'' ਤੇ ਨੇੜ ਝਾਤ

ਖ਼ੁਦਾ ਦੇ ਆਤਮਾ ਤੋਂ ਹੋਣ ਦੀਆਂ ਕਈ ਸਿੱਖਿਆਵਾਂ ਬਾਈਬਲ ਦੀਆਂ ਸਪੱਸ਼ਟ ਅਤੇ ਅਸਪੱਸ਼ਟ ਦੋਹਾਂ ਗੱਲਾਂ ਦੇ ਵਿਚਾਰ ਨਾਲ ਮੇਲ ਨਹੀਂ ਖਾਂਦੀਆਂ। ਬਾਈਬਲ ਇਕ ਇਲਾਹੀ/ ਇਨਸਾਨੀ ਕਿਤਾਬ ਹੈ। ਕਈਆਂ ਨੂੰ ਸਿਰਫ਼ ਬਾਈਬਲ ਦੇ ਲਿਖਨ ਵਾਲਾ ਹੀ ਨਜ਼ਰ ਆਉਂਦਾ ਹੈ ਭਾਵ ਉਹ ਬਾਈਬਲ ਨੂੰ ਇਨਸਾਨ ਦੀ ਲਿਖੀ ਕਿਤਾਬ ਦੇ ਤੌਰ ਤੇ ਵੇਖਦੇ ਹਨ। ਹੋਰ ਲੋਕ ਆਤਮਾ ਦੀਆਂ ਗੱਲਾਂ ਬਣਾ ਕੇ ਇਕ-ਇਕ ਸ਼ਬਦ ਆਤਮਾ ਵੱਲੋਂ ਲਿਖਵਾਉਣ ਦੀ ਗੱਲ ਕਹਿੰਦੇ ਹਨ; ਉਹ ਬਾਈਬਲ ਨੂੰ ਬਿਲਕੁਲ ਇਲਾਹੀ ਕਿਤਾਬ ਦੇ ਰੂਪ ਵਿਚ ਵੇਖਦੇ ਹਨ। ਇਕ ਲੇਖਕ ਨੂੰ ਮੇਜ਼ 'ਤੇ ਬੈਠ ਕੇ ਲਿਖਦਿਆਂ ਅਤੇ ਪਵਿੱਤਰ ਆਤਮਾ ਨੂੰ ਉਸ ਉੱਤੇ ਸੱਚਾਈ ਜ਼ਾਹਰ ਕਰਦਿਆਂ ਅਤੇ ਲਿਖਣ ਵਿਚ ਉਹਦੀ ਨਿਗਰਾਨੀ ਕਰਨ ਦੀਆਂ ਦੋਵੇਂ ਗੱਲਾਂ ਸਹੀ ਹਨ। ਆਪਣੀ ਸ਼ਬਦਾਵਲੀ ਅਤੇ ਸ਼ੈਲੀ 'ਚ ਹਰ ਲੇਖਕ ਨੇ ਉਨ੍ਹਾਂ ਤੱਥਾਂ ਨਾਲ ਜਿਨ੍ਹਾਂ ਤੋਂ ਉਹ ਪਹਿਲਾਂ ਹੀ ਵਾਕਫ਼ ਸੀ, ਉਹ ਸੱਚਾਈਆਂ ਵੀ ਲਿਖੀਆਂ ਜੋ ਆਤਮਾ ਵੱਲੋਂ ਉਸ ਉੱਤੇ ਜ਼ਾਹਰ ਕੀਤੀਆਂ ਗਈਆਂ ਸਨ। ਉਹਨੇ ਸਿਰਫ਼ ਉਹੀ ਵਿਚਾਰ ਅਤੇ ਗੱਲਾਂ ਨਹੀਂ ਲਿਖੀਆਂ ਜਿਨ੍ਹਾਂ ਨੂੰ ਲਿਖਣ ਦੀ ਇਜਾਜ਼ਤ ਆਤਮਾ ਨੇ ਉਹਨੂੰ ਦਿੱਤੀ ਸੀ। ਸਗੋਂ ਉਹਨੇ ਉਹ ਸੰਦੇਸ਼ ਲਿਖਿਆ ਜੋ ਖ਼ਾਸ ਹਾਲਾਤ ਲਈ ਜ਼ਰੂਰੀ ਹੋਣਾ ਸੀ।

ਬਾਈਬਲ ਆਪਣੇ ਹਰ ਭਾਗ ਦੇ ਖ਼ੁਦਾ ਵੱਲੋਂ ਹੋਣ ਦਾ ਦਾਅਵਾ ਕਰਦੀ ਹੈ। ਪੌਲੁਸ ਨੇ ਐਲਾਨ ਕੀਤਾ ਕਿ ''ਸਾਰੀ ਲਿਖਤ ਪ੍ਰਮੇਸ਼ਵਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪ੍ਰਮੇਸ਼ਵਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ'' (2 ਤਿਮੋਥਿਉਸ 3:16, 17)। ਪੌਲੁਸ ਨੇ ਵਿਵਸਥਾਸਾਰ 25:4 ਅਤੇ ਲੂਕਾ 10:7 ਦਾ ਹਵਾਲਾ ਦੇ ਕੇ ਦੋਹਾਂ ਨੂੰ ''ਲਿਖਤ'' ਕਿਹਾ (1 ਤਿਮੋਥਿਉਸ 5:18)। ਇਸੇ ਤਰ੍ਹਾਂ ਉਹਨੇ ਇਹ ਤਸਦੀਕ ਕਰਦਿਆਂ ਕਿ ਖ਼ੁਦਾ ਦੇ ਆਤਮਾ ਤੋਂ ਪੁਰਾਣਾ ਅਤੇ ਨਵਾਂ ਦੋਵੇਂ ਨੇਮ ਲਿਖੇ ਗਏ ਸਨ, ਇਹਦੇ ਮੁਕੰਮਲ ਅਤੇ ਖ਼ੁਦਾ ਦੇ ਆਤਮਾ ਤੋਂ ਹੋਣ ਦਾ ਦਾਅਵਾ ਕੀਤਾ।

ਬਾਈਬਲ ਇਹ ਵੀ ਦਾਅਵਾ ਕਰਦੀ ਹੈ ਕਿ ਖ਼ੁਦਾ ਨੇ ਉਨ੍ਹਾਂ ਸ਼ਬਦਾਂ ਦੀ ਚੋਣ 'ਤੇ ਵੀ ਕੰਟਰੋਲ ਰੱਖਿਆ ਜਿਨ੍ਹਾਂ ਵਿਚ ਉਸ ਦੀ ਸੱਚਾਈ ਜ਼ਾਹਰ ਕੀਤੀ ਜਾਣੀ ਸੀ। ਦਾਅਵਾ ਕਰਨ ਵਾਲੀ ਗੱਲ ਤਾਂ ਨਹੀਂ ਹੈ ਕਿ ਬਾਈਬਲ ਨੂੰ ਲਿਖਵਾਇਆ ਗਿਆ, ਪਰ ਇਹ ਹਕੀਕਤ ਹੈ ਕਿ ਇਹਨੂੰ ਖ਼ੁਦਾ ਦੀ ਨਿਗਰਾਨੀ ਵਿਚ ਹੀ ਲਿਖਿਆ ਗਿਆ ਸੀ। ਯਿਰਮਿਯਾਹ ਨੇ ਕਿਹਾ, ''ਤਾਂ ਯਹੋਵਾਹ ਨੇ ਆਪਣਾ ਹੱਥ ਵਧਾ ਕੇ ਮੇਰੇ ਮੂੰਹ ਨੂੰ ਛੁਹਿਆ ਅਤੇ ਯਹੋਵਾਹ ਨੇ ਮੈਨੂੰ ਆਖਿਆ, ਵੇਖ,

ਮੈਂ ਆਪਣੇ ਵਚਨ ਤੇਰੇ ਮੂੰਹ ਵਿਚ ਪਾ ਦਿੱਤੇ'' (ਯਿਰਮਿਯਾਹ 1:9)। ਖ਼ੁਦਾ ਦੇ ਆਤਮਾ ਤੋਂ ਹੋਣ ਦਾ ਇਹੀ ਦਾਅਵਾ ਕੂਚ 4:10, 14, 15; ਵਿਵਸਥਾਸਾਰ 18:18-20; 2 ਸਮੂਏਲ 23:1, 2; ਯਸਾਯਾਹ 1:10; ਹਿਜ਼ਕੀਏਲ 2:7; 3:4, 10; ਦਾਨੀਏਲ 10:9-11; ਹੋਸ਼ੇਆ 1:1; ਯੋਏਲ 1:1 ਵਿਚ ਕੀਤਾ ਗਿਆ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਇਹ ਵਾਅਦਾ ਦੇ ਕੇ ਭੇਜਿਆ:

> ਅਤੇ ਤੁਸੀਂ ਮੇਰੇ ਕਾਰਣ ਹਾਕਮਾਂ ਅਤੇ ਰਾਜਿਆਂ ਦੇ ਅੱਗੇ ਹਾਜ਼ਰ ਕੀਤੇ ਜਾਓਗੇ ਜੋ ਉਨ੍ਹਾਂ ਉੱਤੇ ਅਰ ਪਰਾਈਆਂ ਕੌਮਾਂ ਉੱਤੇ ਸਾਖੀ ਹੋਵੇ। ਪਰ ਜਦ ਉਹ ਤੁਹਾਨੂੰ ਫੜਵਾਉਣ ਤਾਂ ਚਿੰਤਾ ਨਾ ਕਰੋ ਜੋ ਅਸੀਂ ਕਿੱਕੁਰ ਯਾ ਕੀ ਬੋਲੀਏ, ਕਿਉਂਕਿ ਜਿਹੜੀ ਗੱਲ ਤੁਸਾਂ ਬੋਲਣੀ ਹੈ ਉਹ ਤੁਹਾਨੂੰ ਓਸੇ ਘੜੀ ਬਖ਼ਸ਼ੀ ਜਾਵੇਗੀ। ਬੋਲਣ ਵਾਲੇ ਤੁਸੀਂ ਤਾਂ ਨਹੀਂ ਪਰ ਤੁਹਾਡੇ ਪਿਤਾ ਦਾ ਆਤਮਾ ਜਿਹੜਾ ਤੁਹਾਡੇ ਵਿਚ ਬੋਲਦਾ ਹੈ (ਮੱਤੀ 10:18-20)।

ਪੌਲੁਸ ਨੇ ਸਾਫ਼ ਦਾਅਵਾ ਕੀਤਾ ਕਿ ਬਾਈਬਲ ਬੋਲ ਕੇ ਲਿਖਵਾਈ ਗਈ ਹੈ:

> ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪ੍ਰਮੇਸ਼ਵਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ *ਜਿਹੜੇ ਪ੍ਰਮੇਸ਼ਵਰ ਨੇ ਸਾਨੂੰ ਬਖਸ਼ੇ ਹਨ। ਅਸੀਂ ਇਨ੍ਹਾਂ ਗੱਲਾਂ ਨੂੰ ਮਾਨਸ ਗਿਆਨ ਦੇ ਦੱਸੇ ਹੋਏ ਸ਼ਬਦਾਂ ਨਾਲ ਨਹੀਂ ਸਗੋਂ ਆਤਮਾ ਦੇ ਦੱਸੇ ਹੋਏ ਸ਼ਬਦਾਂ ਨਾਲ ਅਰਥਾਤ ਆਤਮਿਕ ਗੱਲਾਂ ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ* (1 ਕੁਰਿੰਥੀਆਂ 2:13)

ਬਾਈਬਲ ਸੰਕੇਤ ਦਿੰਦੀ ਹੈ ਕਿ ਸ਼ਬਦਾਂ ਦੀ ਚੋਣ, ਨਾਵਾਂ ਰਾਹੀਂ ਗਿਣਤੀ (ਇਕ ਵਚਨ ਜਾਂ ਬਹੁਵਚਨ) ਦਾ ਸੰਕੇਤ ਅਤੇ ਕਿਰਿਆਵਾਂ ਦੇ ਕਾਲ ਐਨੇ ਅਹਿਮ ਹਨ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਰਾਹੀਂ ਹੀ ਚਲਾਇਆ ਜਾਣਾ ਜ਼ਰੂਰੀ ਸੀ। ਨਵੇਂ ਨੇਮ ਦੇ ਕਈ ਲੇਖਕਾਂ ਨੇ ਇੱਕੋ ਹੀ ਸ਼ਬਦ ਦੇ ਅਰਥ, ਗਿਣਤੀ ਜਾਂ ਕਾਲ ਨੂੰ ਪੂਰੇ ਅਲੋਚਨਾਤਮਕ ਤਰਕਾਂ ਦਾ ਅਧਾਰ ਬਣਾਇਆ ਸੀ। ਯਿਸੂ ਨੇ ਜੀ ਉੱਠਣ ਬਾਰੇ ਵਿਆਖਿਆ ਕ੍ਰਿਆ ਦੇ ਕਾਲ ਦੇ ਅਧਾਰ ਤੇ ਕੀਤੀ। ਉਹਨੇ ਪਿਤਾ ਨੂੰ ਇਹ ਕਹਿੰਦੇ ਦੁਹਰਾਇਆ, ''ਮੈਂ ਅਬਰਾਹਾਮ ਦਾ ਪ੍ਰਮੇਸ਼ਵਰ ਅਤੇ ਇਸਹਾਕ ਦਾ ਪ੍ਰਮੇਸ਼ਵਰ ਅਤੇ ਯਾਕੂਬ ਦਾ ਪ੍ਰਮੇਸ਼ਵਰ ਹਾਂ,'' ਅਤੇ ਦਾਅਵਾ ਕੀਤਾ ਕਿ ਇਹਦਾ ਮਤਲਬ ਹੈ ਕਿ ਉਹ ਲੋਕ ਇਸ ਵਕਤ ਮੁਰਦਾ ਨਹੀਂ ਹਨ (ਮੱਤੀ 22:32)। ਇਹ ਵਿਖਾਉਣ ਲਈ ਕਿ ਉਤਪਤ 12:7 ਵਿਚ ਖ਼ੁਦਾ ਨੇ ਮਸੀਹ ਦੀ ਗੱਲ ਕੀਤੀ ਸੀ, ਪੌਲੁਸ ਨੇ ਧਿਆਨ ਦੁਆਇਆ ਕਿ ਖ਼ੁਦਾ ਨੇ ਬਹੁਵਚਨ ''ਅੰਸਾਂ'' ਦੀ ਨਹੀਂ ਸਗੋਂ ਇਕਵਚਨ ''ਅੰਸ'' ਦੀ ਵਰਤੋਂ ਕੀਤੀ ਸੀ (ਗਲਾਤੀਆਂ 3:16)।

## ਖ਼ੁਦਾ ਦੇ ਆਤਮਾ ਤੋਂ ਹੋਣ ਦੇ ਕੁਝ ਸਬੂਤ

ਸਬੂਤ ਬਾਈਬਲ ਦੇ ਖ਼ੁਦਾ ਦੇ ਆਤਮਾ ਤੋਂ ਹੋਣ ਦੇ ਦਾਅਵੇ ਦੀ ਹਮਾਇਤ ਕਰਦੇ ਹਨ। ਮਿਲ ਕੇ ਸਭ ਸਬੂਤਾਂ ਤੋਂ ਇਹ ਪਤਾ ਲਗਦਾ ਹੈ ਕਿ ਬਾਈਬਲ ਦੀ ਹੋਂਦ ਦੀ ਇੱਕੋ ਇਕ ਸਹੀ

ਵਿਆਖਿਆ ਇਹੀ ਹੈ ਕਿ ਇਹ ਖ਼ੁਦਾ ਵੱਲੋਂ ਹੈ।

**ਬਾਈਬਲ ਦਾ ਕਾਇਮ ਰਹਿਣਾ, ਅਨੁਵਾਦ ਅਤੇ ਪਸਾਰ**

ਬਾਈਬਲ ਦੇ ਖ਼ੁਦਾ ਦੇ ਆਤਮਾ ਤੋਂ ਹੋਣ ਦੀ ਹਮਾਇਤ ਕਰਦਾ ਇਕ ਸਬੂਤ ਇਹਦਾ ਕਾਇਮ ਰਹਿਣਾ, ਅਨੁਵਾਦ ਅਤੇ ਪਸਾਰ ਦੀ ਅਨੋਖੀ ਗੱਲ ਹੈ। ਬਾਈਬਲ ਵਕਤ ਦੇ ਤਬਾਹਕੁੰਨ ਤੱਤਾਂ ਵਿਚ ਵੀ ਕਾਇਮ ਰਹੀ। ਮੂਸਾ ਦੇ ਵਕਤ ਤੋਂ ਲੈ ਕੇ ਹੁਣ ਤਕ (ਕਰੀਬ 3,500 ਸਾਲ) ਬਾਹਰ ਸੜਨ ਅਤੇ ਲਾਪਰਵਾਹੀ ਤੋਂ ਬਚ ਕੇ ਰਹਿਣਾ ਕਿਸੇ ਕਿਤਾਬ ਲਈ ਸਚਮੁਚ ਅਜੂਬਾ ਹੈ। ਲਿਖੀਆਂ ਜਾਣ ਵਾਲੀਆਂ ਕਿਤਾਬਾਂ ਦੀ ਛਪਾਈ ਅਤੇ ਉਨ੍ਹਾਂ ਦੇ ਪਸਾਰ ਪੁਰਾਣੇ ਹੀ ਰੂਪ ਵਿਚ ਹੋਣ ਕਰਕੇ ਰੁਕਾਵਟ ਪੈ ਗਈ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਹੱਥ ਨਾਲ ਤਿਆਰ ਕੀਤਾ ਗਿਆ ਸੀ ਜਿਸ ਕਰਕੇ ਉਨ੍ਹਾਂ ਦੀ ਗਿਣਤੀ ਵਧ ਨਹੀਂ ਸਕੀ। ਇਨ੍ਹਾਂ ਪੁਰਾਤਨ ਕਿਤਾਬਾਂ ਨੂੰ ਅੱਗ, ਤੁਫ਼ਾਨਾਂ, ਕੀੜਿਆਂ, ਸੜਨ, ਲਾਪਰਵਾਹੀ, ਧੂੜ ਅਤੇ ਇੱਥੋਂ ਤਕ ਕਿ ਦੁਸ਼ਮਣਾਂ ਦਾ ਵੀ ਮੁਕਾਬਲਾ ਕਰਨਾ ਪਿਆ। ਐਨੀਆਂ ਸਾਰੀਆਂ ਹੱਥ ਲਿਖਤਾਂ, ਅਨੁਵਾਦਾਂ, ਹਵਾਲਿਆਂ ਨਾਲ ਅਤੇ ਹੋਰ ਐਨੀਆਂ ਗਵਾਹੀਆਂ ਨਾਲ ਬਾਈਬਲ ਦਾ ਕਾਇਮ ਰਹਿਣਾ ਆਪਣੇ ਆਪ ਵਿਚ ਅਜੂਬਾ ਹੈ।

ਬਾਈਬਲ ਨੇ ਬਹੁਤ ਵੱਡਾ ਸਤਾਅ ਅਤੇ ਅਲੋਚਨਾਵਾਂ ਸਹੀਆਂ ਹਨ। ਰੋਮੀ ਰਾਜਿਆਂ ਦੇ ਦਿਨਾਂ ਤੋਂ ਲੈ ਕੇ ਹਾਲ ਦੇ ਕਮਿਉਨਿਸਟ ਬਹੁਲ ਇਲਾਕਿਆਂ 'ਚ ਬਾਈਬਲ ਨੂੰ ਮੁਕਾਉਣ ਦੀਆਂ ਬੇਸ਼ੁਮਾਰ ਕੋਸ਼ਿਸਾਂ ਹੋਈਆਂ ਹਨ। ਇਸ 'ਤੇ ਹਮਲਾ ਕੀਤਾ ਗਿਆ, ਇਹਨੂੰ ਬੈਨ ਕੀਤਾ ਗਿਆ ਅਤੇ ਸਾੜ ਦਿੱਤਾ ਗਿਆ। ਕਿਤਾਬਾਂ ਵਿੱਚੋਂ ਇਹ ਸ਼ਹੀਦ ਪੁਸਤਕ ਹੈ, ਪਰ ਆਪਣੇ ਅਸਰ ਅਤੇ ਪਸਾਰ ਵਿਚ ਫ਼ਤਹਿਮੰਦ ਤਰੀਕੇ ਨਾਲ ਜ਼ਿੰਦਾ ਹੈ ਅਤੇ ਲਗਾਤਾਰ ਵਧਦੀ ਜਾ ਰਹੀ ਹੈ। ਪੁਰਾਣੇ ਫ਼ਿਲਾਸਫ਼ਰਾਂ ਸੈਲਸਸ ਅਤੇ ਪੋਰਫਿਰੀ ਦੀ ਖ਼ਤਰਨਾਕ ਅਲੋਚਨਾ ਦੇ ਬਾਵਜੂਦ ਬਾਈਬਲ ਨੇ ਆਪਣੀ ਹੋਂਦ ਦੇ ਇਕ ਹਜ਼ਾਰ ਸਾਲ ਪੂਰੇ ਕਰ ਲਏ। ਲੋਕਾਂ ਵਿਚ ਇਹ ਕਿਤਾਬ ਕਿਸੇ ਵੀ ਹੋਰ ਕਿਤਾਬ ਨਾਲੋਂ ਵੱਧ ਸਨਮਾਨਿਤ ਹੋ ਗਈ ਹੈ। ਇਕ ਹਜ਼ਾਰ ਸਾਲਾਂ ਬਾਅਦ, ਥੌਮਸ ਹੌਬੇਸ (1588-1679) ਅਤੇ ਬਰੁਕ ਸਪਿਨੋਜ਼ਾ (1632-1677) ਨੇ ਬਾਈਬਲ 'ਤੇ ਅਲੋਚਨਾਤਮਕ ਹਮਲੇ ਕੀਤੇ। ਫਿਰ ਜੀਨ ਆਸਟ੍ਰਕ (1684-1766) ਦੀ ਅਲੋਚਨਾ ਦੇ ਤਿੱਖੇ ਹਮਲਿਆਂ ਦੀ ਝੜੀ ਲੱਗ ਗਈ ਜਿਹਨੇ ਹਰ ਗੱਲ ਨੂੰ ਬੜੀ ਬਰੀਕੀ ਨਾਲ ਵੇਖਣ ਵੱਲ ਧਿਆਨ ਦੁਆਇਆ। ਬਰਨਾਰਡ ਰੱਮ ਨੇ ਕਿਹਾ, ''ਕਿਸੇ ਵੀ ਹੋਰ ਕਿਤਾਬ ਨੂੰ ਐਨਾ ਚੀਰਿਆ, ਕੱਟਿਆ, ਛਾਣਿਆ, ਬਰੀਕੀ ਨਾਲ ਜਾਂਚਿਆ ਅਤੇ ਬਦਨਾਮ ਨਹੀਂ ਕੀਤਾ ਗਿਆ।''[2] ਭਾਵੇਂ ਬਹੁਤ ਸਾਰੇ ਲੋਕਾਂ ਨੂੰ ਸਤਾ ਕੇ ਬਾਈਬਲ ਪੜ੍ਹਨ ਤੋਂ ਵਾਂਝਿਆ ਕੀਤਾ ਗਿਆ, ਅਤੇ ਬੇਸ਼ੱਕ ਬਹੁਤਿਆਂ ਨੇ ਅਲੋਚਨਾ ਦਾ ਵਿਰੋਧ ਕਰਕੇ ਆਪਣੇ ਈਮਾਨ ਦੀ ਖ਼ਾਤਰ ਜਾਨ ਵੀ ਗੁਆ ਦਿੱਤੀ, ਪਰ ਬਾਈਬਲ ਅੱਜ ਵੀ ਦੁਨੀਆਂ ਦੀ ਸਭ ਤੋਂ ਵੱਧ ਛਪਣ ਵਾਲੀ ਕਿਤਾਬ ਹੈ।

ਬਾਈਬਲ ਦੁਨੀਆਂ ਦੀ ਸਭ ਤੋਂ ਪਹਿਲੀ ਅਤੇ ਸਭ ਤੋਂ ਵੱਧ ਅਨੁਵਾਦ ਹੋਣ ਵਾਲੀ ਕਿਤਾਬ ਵੀ ਹੈ। (ਇਬਰਾਨੀ ਭਾਸ਼ਾ ਦੇ ਪੁਰਾਣੇ ਨੇਮ ਦੀ ਯੂਨਾਨੀ ਨਕਲ ਭਾਵ ਸਪਤਤੀ ਅਨੁਵਾਦ ਲਗਭਗ 250 ਈ.ਪੂ. 'ਚ ਹੋਇਆ ਸੀ।) ਇਹਦਾ ਅਨੁਵਾਦ ਦੁਨੀਆਂ ਦੀ ਕਿਸੇ ਵੀ ਕਿਤਾਬ ਨਾਲੋਂ ਵੱਧ ਭਾਸ਼ਾਵਾਂ ਅਤੇ ਉਪ ਭਾਸ਼ਾਵਾਂ ਵਿਚ ਹੋ ਚੁੱਕਾ ਹੈ। ਇਹ ਤੱਥ ਇਸ ਦਾਅਵੇ ਦੀ ਹਮਾਇਤ ਕਰਦੇ ਹਨ ਕਿ ਬਾਈਬਲ ਖ਼ੁਦਾ ਦੇ ਆਤਮਾ ਤੋਂ ਦਿੱਤੀ ਗਈ ਕਿਤਾਬ ਹੈ।

**ਬਾਈਬਲ ਦੀ ਕਹਾਣੀ ਦੀ ਏਕਤਾ ਅਤੇ ਲਗਾਤਾਰਤਾ**

ਇਹ ਜਾਣਨ ਦਾ ਕਿ ਦਵਾਈ ਦੀ ਬੋਤਲ ਦੇ ਬਾਹਰ ਜਿਸ ਗੱਲ ਦਾ ਦਾਅਵਾ ਕੀਤਾ ਗਿਆ ਹੈ ਉਸ ਵਿਚ ਉਹੀ ਦਵਾਈ ਹੈ ਜਾਂ ਨਹੀਂ, ਇੱਕੋ ਤਰੀਕਾ ਹੈ ਕਿ ਉਸ ਦਵਾਈ ਦੀ ਜਾਂਚ ਕੀਤੀ ਜਾਵੇ। ਬਾਈਬਲ ਪੜ੍ਹਨ ਵਾਲੇ ਨੂੰ ਪਰਖ ਕੇ ਹੀ ਪਤਾ ਲੱਗ ਸਕਦਾ ਹੈ ਕਿ ਬਾਈਬਲ ਸੱਚਮੁੱਚ ਖ਼ੁਦਾ ਦਾ ਵਚਨ ਹੈ ਜਾਂ ਨਹੀਂ।

*ਪਵਿੱਤਰ ਬਾਈਬਲ, ਇਕ ਵੱਡਾ ਮੋਅਜਜ਼ਾ।* ਬਾਈਬਲ ਦੇ ਲੇਖਾਂ ਦੀ ਏਕਤਾ ਅਤੇ ਲਗਾਤਾਰਤਾ ਤੋਂ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੂੰ ਖ਼ੁਦਾ ਦੇ ਦਿਮਾਗ਼ ਦੀ ਰਹਿਨੁਮਾਈ ਵਿਚ ਤਿਆਰ ਕੀਤਾ ਗਿਆ ਸੀ। ਕਲਪਨਾ ਕਰੋ ਕਿ ਵੱਖੋ-ਵੱਖ ਦੇਸ਼ਾਂ ਵਿਚ ਰਹਿਣ ਵਾਲੇ ਚਾਲੀ ਲੋਕਾਂ ਨੇ ਜੋ ਵੱਖੋ-ਵੱਖ ਕਾਰੋਬਾਰ ਵਿਚ ਸਨ, ਜਿਨ੍ਹਾਂ ਦੀ ਵੱਖੋ-ਵੱਖ ਵਿਦਿਅਕ ਯੋਗਤਾ ਸੀ, ਅਤੇ ਜੋ ਪੰਦਰਾਂ ਸਦੀਆਂ ਦੇ ਵੱਖੋ ਵੱਖ ਅੰਤਰਾਲਾਂ ਵਿਚ ਹੋਏ ਸਨ, ਉਨ੍ਹਾਂ ਵਿੱਚੋਂ ਹਰ ਕਿਸੇ ਨੇ ਕਹਾਣੀ ਦੀਆਂ ਕੁਝ ਸਤਰਾਂ ਹੀ ਲਿਖੀਆਂ। ਫਿਰ ਕਲਪਨਾ ਕਰੋ ਕਿ ਇਨ੍ਹਾਂ ਸਤਰਾਂ ਨੂੰ ਇਕ ਖ਼ੂਬਸੂਰਤ ਕਹਾਣੀ ਦਾ ਰੂਪ ਦੇਣ ਲਈ ਇਕ-ਇਕ ਕਰਕੇ ਜੋੜਿਆ ਗਿਆ, ਜਿਸ ਨਾਲ ਹਰ ਸਤਰ ਅਗਲੀ ਸਤਰ ਨਾਲ ਜੁੜ ਕੇ ਇਕ ਪੂਰੀ ਕਹਾਣੀ ਬਣ ਜਾਂਦੀ ਹੈ। ਜੇ ਅਜਿਹਾ ਹੋ ਜਾਵੇ ਤਾਂ ਇਸ ਤੋਂ ਸਾਫ਼ ਹੋਵੇਗਾ ਕਿ ਲਿਖਣ ਵਾਲੇ ਨੂੰ ਹਦਾਇਤ ਇੱਕੋ ਹੀ ਦਿਮਾਗ਼ ਨੇ ਦਿੱਤੀ ਸੀ।

*ਇਹਦੇ ਲਿਖੇ ਜਾਣ ਵਿਚ ਲੱਗਾ ਵਕਤ ਅਤੇ ਲੋਕ।* ਕਰੀਬ ਚਾਲੀ ਲੇਖਕ ਜੋ ਜ਼ਿੰਦਗੀ ਦੇ ਲਗਭਗ ਹਰ ਖੇਤਰ ਵਿੱਚੋਂ ਸਨ- ਮੂਸਾ ਇਕ ਸਿਆਸੀ ਰਹਿਨੁਮਾ ਸੀ, ਮਿਸਰ ਵਿਚ ਪੜ੍ਹਿਆ ਲਿਖਿਆ ਸੀ; ਯਹੋਸ਼ੁਆ ਫ਼ੌਜੀ ਜਰਨੈਲ ਸੀ; ਸੁਲੇਮਾਨ ਬਾਦਸ਼ਾਹ ਸੀ; ਆਮੋਸ ਆਜੜੀ ਸੀ; ਦਾਨੀਏਲ ਪ੍ਰਧਾਨ ਮੰਤਰੀ ਸੀ; ਨਹਮਯਾਹ ਸਾਕੀ ਸੀ; ਲੂਕਾ ਵੈਦ ਸੀ; ਮੱਤੀ ਮਸੂਲ ਲੈਣ ਵਾਲਾ ਸੀ; ਪਤਰਸ ਇਕ ਮਛੇਰਾ ਸੀ; ਪੌਲੁਸ ਇਕ ਰੱਬੀ ਸੀ; ਕਈ ਹੋਰਾਂ ਨੇ ਛਿਆਹਠ ਕਿਤਾਬਾਂ ਜਾਂ ਪੱਤਰੀਆਂ ਕਰੀਬ ਪੰਦਰਾਂ ਸੌ ਸਾਲਾਂ ਦੌਰਾਨ ਲਿਖੀਆਂ ਜਿਸ ਵਿਚ ਸੱਠ ਦੇ ਕਰੀਬ ਪੀੜ੍ਹੀਆਂ ਗੁਜ਼ਰ ਗਈਆਂ। ਉਨ੍ਹਾਂ ਨੇ ਵੱਖੋ-ਵੱਖ ਥਾਵਾਂ ਤੋਂ ਭਾਵ ਮੂਸਾ ਨੇ ਜੰਗਲ 'ਚ, ਯਿਰਮਿਯਾਹ ਨੇ ਕਾਲ ਕੋਠਰੀ 'ਚ; ਦਾਨੀਏਲ ਨੇ ਇਕ ਪਹਾੜੀ 'ਤੇ ਅਤੇ ਮਹਿਲ 'ਚ; ਪੌਲੁਸ ਨੇ ਜੇਲ੍ਹ ਦੀ ਚਾਰਦੀਵਾਰੀ 'ਚ; ਲੂਕਾ ਨੇ ਸਮੁੰਦਰੀ ਅਤੇ ਜ਼ਮੀਨੀ ਰਾਹ 'ਚ ਸਫ਼ਰ ਕਰਦਿਆਂ; ਯੂਹੰਨਾ ਨੇ ਪਤਮੁਸ ਟਾਪੂ 'ਚ ਦੇਸ਼ ਨਿਕਾਲੇ ਦੌਰਾਨ ਲਿਖਿਆ। ਉਨ੍ਹਾਂ ਨੇ ਇਬਰਾਨੀ, ਯੂਨਾਨੀ ਅਤੇ ਅਰਾਮੀ ਭਾਸ਼ਾ ਵਿਚ ਲਿਖਿਆ ਸੀ। ਉਨ੍ਹਾਂ ਨੇ ਅਜਿਹੀ ਸਮੱਗਰੀ ਲਿਖੀ ਜਿਸ ਵਿਚ ਸੈਂਕੜੇ ਝਗੜੇ ਭਰੇ ਵਿਸ਼ੇ ਸਨ। ਇਨ੍ਹਾਂ ਲੇਖਕਾਂ ਨੇ ਮਨੁੱਖ ਦੇ ਅਰੰਭ, ਉਹਦੇ ਪਾਪ ਵਿਚ ਡਿੱਗਣ ਅਤੇ ਅਨੰਤ ਨਿਵਾਸ ਬਾਰੇ ਉਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤਕ ਪੂਰੀ ਕਹਾਣੀ ਇੱਕੋ ਲੈਅ 'ਚ ਲਿਖੀ ਹੈ।

*ਇੱਕੋ ਅਹਿਮ ਸੱਚਾਈ ਜਾਂ ਕਹਾਣੀ ਤਿਆਰ ਹੋਈ।* ਜਿਵੇਂ ਬਾਈਬਲ ਦੀ ਇੱਕੋ ਸੱਚਾਈ ਬਣੀ ਅਤੇ ਕਾਇਮ ਹੈ, ਇਹ ਇਸ ਗੱਲ ਦਾ ਸਬੂਤ ਹੈ ਕਿ ਇਹ ਖ਼ੁਦਾ ਦਾ ਵਚਨ ਹੈ। ਫ਼ਲਸਫ਼ਾ ਅਤੇ ਮਜ਼ਹਬ ਆਮ ਤੌਰ ਤੇ ਕਿਸੇ ਇੱਕੋ ਆਦਮੀ ਦੇ ਜੀਵਨ ਕਾਲ ਵਿਚ ਹੋਇਆ ਇੱਕੋ ਦਿਮਾਗ਼ ਦਾ ਕੰਮ ਹੁੰਦਾ ਹੈ। ਜਦ ਅਜਿਹਾ ਹੁੰਦਾ ਹੈ ਤਾਂ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਏਕਤਾ ਨੂੰ ਕਿਵੇਂ ਬਣਾਈ ਰੱਖਿਆ ਜਾਂਦਾ ਹੈ ਅਤੇ ਵਿਚਾਰਾਂ ਨੂੰ ਕਿਵੇਂ ਮਿਲਾ ਕੇ ਜੋੜਿਆ ਜਾਂਦਾ ਹੈ। ਬਾਈਬਲ ਇਵੇਂ ਨਹੀਂ ਬਣੀ ਹੈ। ਇਹ ਕਿਸੇ ਇਨਸਾਨੀ ਦਿਮਾਗ਼ ਦੀ ਕਾਢ ਨਹੀਂ ਹੈ, ਨਾ ਹੀ ਕਿਸੇ ਇਕ ਬੰਦੇ ਦੇ ਜੀਵਨਕਾਲ ਵਿਚ ਤਿਆਰ ਹੋਈ। ਬਾਈਬਲ ਸਦੀਆਂ ਤਕ ਬਹੁਤ ਸਾਰੇ ਲੋਕਾਂ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ। ਇਹਦੀ ਕਹਾਣੀ ਵਿਕਾਸ ਦੇ ਇਕ ਚਰਣ ਤੋਂ ਦੂਜੇ ਵੱਲ

ਨੂੰ ਭਾਵ ਆਦਮ ਅਤੇ ਹੱਵ੍ਹਾ ਦੇ ਪਾਪ ਵਿਚ ਡਿੱਗਣ ਤੋਂ ਲੈ ਕੇ ਅਦਨ ਵਿਚ ਖੁੱਸੇ ਜ਼ਿੰਦਗੀ ਦੇ ਰੁੱਖ ਨੂੰ ਪਾਉਣ ਲਈ ਕਲੀਸੀਆ ਦੇ ਵਿਕਾਸ ਤਕ ਅੱਗੇ ਵਧਦੀ ਹੈ (ਪ੍ਰਕਾਸ਼ ਦੀ ਪੋਥੀ 22:1, 2, 14)। ਇਹ ਗੁਲਾਮੀ, ਸੰਯੁਕਤ ਰਾਜ, ਅੱਡ ਹੋਏ ਰਾਜ ਅਤੇ ਫੇਰ ਤੋਂ ਗ਼ੁਲਾਮੀ ਦੇ ਸਮਿਆਂ ਨਾਲ ਇਕ-ਇਕ ਕਰਕੇ ਬਣਦੀ ਹੈ। ਇਹ ਵਧਣਾ ਯਿਸੂ ਦੇ ਜਨਮ, ਉਹਦੇ ਜੀਵਨ, ਉਹਦੀ ਮੌਤ, ਉਹਦੇ ਜੀ ਉੱਠਣ, ਆਤਮਾ ਭੇਜਣ ਨਾਲ ਅਤੇ ਕਲੀਸੀਆ ਦੀ ਕਾਇਮੀ ਅਤੇ ਮਜ਼ਬੂਤੀ ਨਾਲ ਬਣਿਆ ਰਹਿੰਦਾ ਹੈ। ਉਤਪਤ ਦੀ ਕਿਤਾਬ ਵਿਚ ਸਵਰਗਲੋਕ ਖੁੱਸ ਜਾਂਦਾ ਹੈ ਅਤੇ ਪ੍ਰਕਾਸ਼ ਦੀ ਪੋਥੀ ਵਿਚ ਉਹ ਫੇਰ ਮਿਲ ਜਾਂਦਾ ਹੈ। ਬਾਈਬਲ ਅਜ਼ਾਦ ਲੇਖਕਾਂ ਦਾ ਸੰਗ੍ਰਹਿ ਨਹੀਂ ਹੈ, ਸਗੋਂ ਇੱਕੋ ਕਹਾਣੀ ਦੱਸਦੇ ਇਕ ਦੂਜੇ ਉੱਤੇ ਨਿਰਭਰ ਲੇਖਾਂ ਵਾਲੀ ਕਿਤਾਬ ਹੈ। ਇਕ ਅਜੀਬ ਏਕਤਾ ਇਨ੍ਹਾਂ ਸਭਨਾਂ ਨੂੰ ਬੰਨ੍ਹ ਕੇ ਇਕੱਠੇ ਰੱਖਦੀ ਹੈ।

*ਨਵੇਂ ਨੇਮ 'ਚ ਪੁਰਾਣਾ ਨੇਮ ਜਾਰੀ ਰਹਿੰਦਾ ਹੈ।* ਪੁਰਾਣੇ ਅਤੇ ਨਵੇਂ ਨੇਮ ਵਿਚ ਸਬੰਧ ਉਦੋਂ ਸਾਫ਼ ਹੁੰਦਾ ਹੈ ਜਦ ਇਹ ਧਿਆਨ ਦਿੱਤਾ ਜਾਂਦਾ ਹੈ ਕਿ ਪੁਰਾਣਾ ਨੇਮ ਮਸੀਹ ਦੇ ਵਾਅਦੇ ਨਾਲ ਖ਼ਤਮ ਹੁੰਦਾ ਹੈ ਅਤੇ ਨਵਾਂ ਨੇਮ ਉਹਦੇ ਆਉਣ ਨਾਲ ਸ਼ੁਰੂ ਹੁੰਦਾ ਹੈ। ਮਲਾਕੀ ਆਪਣੇ ਪਾਠਕਾਂ ਨੂੰ ਮਸੀਹ ਅਤੇ ਉਹਦੇ ਅੱਗੇ ਆਉਣ ਵਾਲੇ ਦਾ ਰਾਹ ਉਮੀਦ ਨਾਲ ਵੇਖਣ ਲਈ ਇਹ ਕਹਿ ਕੇ ਛੱਡ ਦਿੰਦਾ ਹੈ, ''ਵੇਖੋ, ਮੈਂ ਆਪਣੇ ਦੂਤ ਨੂੰ ਘੱਲਦਾ ਹਾਂ ਅਤੇ ਉਹ ਮੇਰੇ ਅੱਗੇ ਰਾਹ ਨੂੰ ਤਿਆਰ ਕਰੇਗਾ ਅਤੇ ਪ੍ਰਭੂ ਜਿਹਨੂੰ ਤੁਸੀਂ ਭਾਲਦੇ ਹੋ ਅਚਾਨਕ ਆਪਣੀ ਹੈਕਲ ਵਿਚ ਆ ਜਾਵੇਗਾ, ਹਾਂ ਨੇਮ ਦਾ ਦੂਤ ਜਿਸ ਤੋਂ ਤੁਸੀਂ ਖੁਸ਼ ਹੋ, ਉਹ ਆਉਂਦਾ ਹੈ, ਸੈਨਾ ਦਾ ਯਹੋਵਾਹ ਆਖਦਾ ਹੈ'' (ਮਲਾਕੀ 3:1)। ਸੈਨਾ ਦੇ ਯਹੋਵਾਹ ਨੂੰ ਇਹ ਵੀ ਕਹਿੰਦੇ ਦੁਹਰਾਇਆ ਗਿਆ ਹੈ, ''ਵੇਖੋ ਮੈਂ ਏਲੀਯਾਹ ਨਬੀ ਨੂੰ ਤੁਹਾਡੇ ਕੋਈ ਘੱਲਾਂਗਾ, ਇਸ ਤੋਂ ਪਹਿਲਾਂ ਕਿ ਯਹੋਵਾਹ ਦਾ ਵੱਡਾ ਅਤੇ ਭੈ ਦਾਇਕ ਦਿਨ ਆਵੇ, ਉਹ ਪਿਓਵਾਂ ਦੇ ਦਿਲ ਬਾਲਕਾਂ ਵੱਲ ਅਤੇ ਬਾਲਕਾਂ ਦੇ ਦਿਲ ਪਿਓਵਾਂ ਵੱਲ ਮੋੜੇਗਾ, ਮਤੇ ਮੈਂ ਆਵਾਂ ਅਤੇ ਧਰਤੀ ਦਾ ਸੱਤਿਆਨਾਸ ਕਰਾਂ'' (ਮਲਾਕੀ 4:5, 6)। ਇੰਜੀਲ ਦੇ ਚਾਰੇ ਬ੍ਰਿਤਾਂਤ ਮਸੀਹ ਅਤੇ ਉਸ ਤੋਂ ਪਹਿਲਾਂ ਆਉਣ ਵਾਲੇ ਨੂੰ ਪੇਸ਼ ਕਰਕੇ ਉੱਥੋਂ ਅੱਗੇ ਲੈ ਚੱਲਦੇ ਹਨ ਜਿੱਥੇ ਮਲਾਕੀ ਨੇ ਛੱਡਿਆ ਸੀ। ਮਰਕੁਸ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਆਉਣ ਨੂੰ ''ਪ੍ਰਮੇਸ਼ਵਰ ਦੇ ਪੁੱਤਰ ਯਿਸੂ ਮਸੀਹ ਦੀ ਖ਼ੁਸ਼ਖ਼ਬਰੀ ਦਾ ਆਰੰਭ'' ਦੱਸਦਾ ਹੈ (ਮਰਕੁਸ 1:1, 2)। ਲੂਕਾ ਕਹਿੰਦਾ ਹੈ ਕਿ ਯੂਹੰਨਾ ਪ੍ਰਭੂ ਲਈ ਯੋਗ ਲੋਕਾਂ ਨੂੰ ਤਿਆਰ ਕਰਨ ਲਈ ਏਲੀਯਾਹ ਦੀ ਆਤਮਾ ਅਤੇ ਸਮਰੱਥਾ ਨਾਲ ਆਇਆ ਸੀ (ਲੂਕਾ 1:17)।

*ਨਵੇਂ ਨੇਮ ਵਿਚ ਪੁਰਾਣੇ ਨੇਮ ਦਾ ਪੂਰਾ ਹੋਣਾ।* ''ਇਹ ਸਭ ਕੁਝ ਇਸ ਲਈ ਹੋਇਆ ਕਿ ਜਿਹੜੀ ਗੱਲ ਪ੍ਰਭ ਨੇ ਨਬੀ ਦੀ ਜ਼ਬਾਨੀ ਆਖੀ ਸੀ ਉਹ ਪੂਰੀ ਹੋਵੇ'' ਵਰਗੇ ਵਾਕ ਬਾਰ-ਬਾਰ ਦੁਹਰਾ ਕੇ ਪੁਰਾਣੇ ਅਤੇ ਨਵੇਂ ਨੇਮ ਵਿਚਲੇ ਸਬੰਧ ਨੂੰ ਸਾਫ਼ ਕੀਤਾ ਗਿਆ ਹੈ (ਮੱਤੀ 1:22; ਵੇਖੋ 2:5, 15, 17, 23; 3:3; 4:14)। ਬਾਈਬਲ ਦੇ ਸ਼ੁਰੂਆਤੀ ਭਾਗ ਮਸੀਹ ਅਤੇ ਉਹਦੇ ਰਾਜ ਦੀ ਉਮੀਦ ਵਿਚ ਲਿਖੇ ਗਏ ਸਨ। ਬਾਅਦ ਦੇ ਭਾਗ ਇਹ ਜਾਣ ਕੇ ਲਿਖੇ ਗਏ ਸਭ ਕਿ ਇਹ ਗੱਲਾਂ ਹਕੀਕਤ ਬਣਨ ਵਾਲੀਆਂ ਹਨ। ਪਤਰਸ ਨੇ ਇਹ ਐਲਾਨ ਕੀਤਾ:

> ਇਸੇ ਮੁਕਤੀ ਦੇ ਵਿਖੇ ਉਨ੍ਹਾਂ ਨਬੀਆਂ ਨੇ ਵੱਡੀ ਭਾਲ ਅਤੇ ਖੋਜ ਵਿਚਾਰ ਕੀਤੀ
> ਜਿਨ੍ਹਾਂ ਉਸ ਕਿਰਪਾ ਦੇ ਵਿਖੇ ਜੋ ਤੁਹਾਡੇ ਉੱਤੇ ਹੋਣ ਵਾਲੀ ਸੀ ਅਗੰਮ ਵਾਕ ਕੀਤਾ।

> ਅਤੇ ਉਹ ਇਹ ਖੋਜ ਵਿਚਾਰ ਕਰਦੇ ਸਨ ਭਈ ਮਸੀਹ ਦਾ ਆਤਮਾ ਜਿਹੜਾ ਉਨ੍ਹਾਂ ਵਿਚ ਸੀ ਜਦ ਮਸੀਹ ਦਿਆਂ ਦੁੱਖਾਂ ਦੇ ਅਤੇ ਉਹਨਾਂ ਦੇ ਪਿੱਛੋਂ ਦੀ ਮਹਿਮਾ ਦੇ ਵਿਖੇ ਅੱਗੋਂ ਹੀ ਸਾਖੀ ਦਿੰਦਾ ਸੀ ਤਦ ਉਹ ਕਿਹੜੇ ਅਥਵਾ ਕਿਹੋ ਜਿਹੇ ਸਮੇਂ ਦਾ ਪਤਾ ਦਿੰਦਾ ਸੀ। ਉਨ੍ਹਾਂ ਉੱਤੇ ਇਹ ਪਰਗਟ ਕੀਤਾ ਗਿਆ ਭਈ ਉਹ ਆਪਣੀ ਨਹੀਂ ਸਗੋਂ ਤੁਹਾਡੀ ਸੇਵਾ ਲਈ ਉਹ ਗੱਲਾਂ ਆਖਦੇ ਸਨ ਜਿਨ੍ਹਾਂ ਦੀ ਖ਼ਬਰ ਹੁਣ ਤੁਹਾਨੂੰ ਉਨ੍ਹਾਂ ਦੇ ਰਾਹੀਂ ਮਿਲੀ ਜਿਨ੍ਹਾਂ ਪਵਿੱਤਰ ਆਤਮਾ ਨਾਲ ਜੋ ਸਵਰਗੋਂ ਘੱਲਿਆ ਗਿਆ ਤੁਹਾਨੂੰ ਖੁਸ਼ਖ਼ਬਰੀ ਸੁਣਾਈ ਅਤੇ ਫ਼ਰਿਸ਼ਤੇ ਵੱਡੀ ਚਾਹ ਨਾਲ ਇਨ੍ਹਾਂ ਗੱਲਾਂ ਨੂੰ ਮਲੂਮ ਕਰਨਾ ਚਾਹੁੰਦੇ ਹਨ (1 ਪਤਰਸ 1:10-12)।

ਇਹਦੀ ਏਕਤਾ, ਇਹਦਾ ਵਧਣਾ ਅਤੇ ਲਗਾਤਾਰਤਾ ਐਨੀਆਂ ਵੱਡੀਆਂ ਗੱਲਾਂ ਹਨ ਕਿ ਇਨ੍ਹਾਂ ਨਾਲ ਇਹ ਤਸਦੀਕ ਹੁੰਦੀ ਹੈ ਕਿ ਬਾਈਬਲ ਇਕ ਰੂਹਾਨੀ ਅਤੇ ਕੰਟਰੋਲ ਕਰਨ ਵਾਲੇ ਦਿਮਾਗ਼ ਦੀ ਕਾਢ ਹੈ। ਇਨ੍ਹਾਂ ਗੁਣਾਂ ਵਿਚ ਇਹ ਵੀ ਜ਼ਰੂਰੀ ਹੈ ਕਿ ਪੁਰਾਣਾ ਅਤੇ ਨਵਾਂ ਦੋਵੇਂ ਨੇਮ ਨਾਲ-ਨਾਲ ਖੜੇ ਹੋਣ ਜਾਂ ਡਿੱਗਣ।

ਦੁਨੀਆਂ ਦੇ ਇੱਕੋ ਝਗੜੇ ਵਾਲੇ ਵਿਸ਼ੇ 'ਤੇ ਦਸ ਵੱਡੇ ਸਾਹਿਤਕ, ਇਤਿਹਾਸਕ ਅਤੇ ਫ਼ਲਸਫ਼ੇ ਵਾਲੇ ਲੇਖ ਲੈਣੇ ਹੋਣ ਤਾਂ ਉਨ੍ਹਾਂ 'ਚ ਏਕਤਾ ਨਹੀਂ ਮਿਲੇਗੀ। ਯਕੀਨਨ ਹੀ ਦਸ ਪਸੰਦੀਦਾ ਵਿਸ਼ਿਆਂ 'ਚੋਂ ਇਕ ਲੇਖ ਦੂਜੇ ਲੇਖ ਨਾਲ ਮੇਲ ਨਹੀਂ ਖਾਂਦਾ ਮਿਲੇਗਾ!

## ਸਾਰ

ਬਾਈਬਲ ਖ਼ੁਦਾ ਦੇ ਆਤਮਾ ਤੋਂ ਦਿੱਤੀ ਗਈ ਹੈ ਅਤੇ ਜੋ ਲੋਕ ਇਹਦੀ ਖੋਜ ਕਰਨ ਦੇ ਚਾਹਵਾਨ ਹਨ ਇਹ ਉਨ੍ਹਾਂ ਨੂੰ ਉਸ ਤੱਥ ਲਈ ਵਿਸ਼ਵਾਸ ਕਰਨ ਯੋਗ ਸਬੂਤ ਦਿੰਦੀ ਹੈ। ਇਹ ਹਰ ਪੀੜ੍ਹੀ ਨੂੰ ਮਸੀਹ ਅਤੇ ਉਹਦੀ ਮੁਕਤੀ ਦਾ ਸੰਦੇਸ਼ ਦੱਸਣ ਲਈ ਜ਼ਿੰਦਾ ਹੈ।

ਟਿੱਪਣੀਆਂ

[1]ਰੇਨੇ ਪੈਚੇ, *ਇੰਸਪਿਰੇਸ਼ਨ ਐਂਡ ਅਥਾਰਟੀ ਆਫ਼ ਸਕ੍ਰਿਪਚਰ,* ਅਨੁਵਾਦ ਹੈਲਨ ਆਈ. ਨੀਢਮ (ਸ਼ਿਕਾਗੋ: ਮੂਡੀ ਪ੍ਰੈਸ, 1969), 90. [2]ਬਰਨਾਰਡ ਰੱਮ, *ਪ੍ਰੋਟੈਸਟੈਂਟ ਕ੍ਰਿਸਚਿਅਨ ਐਵੀਡੈਂਸ* (ਸ਼ਿਕਾਗੋ: ਮੂਡੀ ਪ੍ਰੈਸ, 1957), 233. [3]ਇਹ ਪਾਠ *ਨਿਊ ਟੈਸਟਾਮੈਂਟ ਸਰਵੇ* 'ਚੋਂ ਬਿਲ ਲੈਂਬਰਟ ਦੇ ''ਦਿ ਨਿਊ ਟੈਸਟਾਮੈਂਟ ਐਜ਼ ਸਕ੍ਰਿਪਚਰ'' ਦਾ ਸੰਖੇਪ ਰੂਪ ਹੈ। ਹਾਰਡਿੰਗ ਯੂਨੀਵਰਸਟੀ, ਸਰਸੀ, ਆਰਕੈਂਸਾ ਤੋਂ ਮੰਜ਼ੂਰੀ ਲੈ ਕੇ ਛਾਪਿਆ ਗਿਆ।